# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ

ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com


## ਹੁਕਮ

ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90052 ਮਿਤੀ 6.12.12

ਸ੍ਰੀਮਤੀ ਮਧੂ ਕਥੂਰੀਆਂ ਜੇ.ਬੀ.ਟੀ. ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਰਸੂਲਪੁਰ ਜੋੜਾ ਬਲਾਕ ਪਟਿਆਲਾ-1, ਜ਼ਿਲਾ ਪਟਿਆਲਾ ਵੱਲੋਂ ਡਿਊਟੀ ਦੌਰਾਨ ਨਿਮਨਲਿਖਤ ਅਨੁਸਾਰ ਕੋਤਾਹੀਆਂ ਕੀਤੀਆਂ ਗਈਆਂ ਹਨ :-

- ਸ੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਆਪਣੀ ਸਹਿ-ਕਰਮੀ ਸ੍ਰੀਮਤੀ ਨੀਲਮ ਰਾਣੀ ਨਾਲ ਡਿਊਟੀ ਦੌਰਾਨ ਧੱਕਾ ਮੁੱਕੀ ਕੀਤੀ ਗਈ ।
- ਸ੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਮਿਡ-ਡੇ-ਮੀਲ ਦਾ ਹਿਸਾਬ ਕਿਤਾਬ ਅਤੇ ਰਿਕਾਰਡ ਸ੍ਰੀਮਤੀ ਨੀਲਮ ਰਾਣੀ ਨੂੰ ਨਹੀਂ ਸੌਂਪਿਆ ਗਿਆ ਜਿਸਦੇ ਸਿੱਟੇ ਵਜੋਂ ਸ੍ਰੀਮਤੀ ਨੀਲਮ ਰਾਣੀ ਨੂੰ ਮਿਡ-ਡੇ-ਮੀਲ ਸਕੂਲ ਵਿੱਚ ਚਲਾਉਣ ਸੰਬੰਧੀ ਬਹੁਤ ਕਠਿਨਾਈ ਦਾ ਸਾਹਮਣਾ ਕਰਨਾ ਪਿਆ ਇੱਥੋਂ ਤੱਕ ਕਿ ਉਸ ਨੂੰ ਇਹ ਕੰਮ ਆਪਣੇ ਪੱਲਿਓਂ ਪੈਸੇ ਖਰਚ ਕਰਕੇ ਚਲਾਉਣਾ ਪਿਆ ਕਿਉਂਕਿ ਸ੍ਰੀਮਤੀ ਮਧੂ ਕਥੂਰੀਆ ਨੇ ਨਾ ਕੋਈ ਹਿਸਾਬ ਦਿੱਤਾ ਅਤੇ ਨਾ ਹੀ ਰਾਸ਼ੀ ਸ੍ਰੀਮਤੀ ਨੀਲਮ ਰਾਣੀ ਵੱਲੋਂ ਮੰਗਣ ਦੇ ਬਾਵਜੂਦ ਉਸ ਨੂੰ ਦਿੱਤੀ ਗਈ ।
- ਸ੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਆਪਣੀ ਸਹਿ-ਕਰਮੀ ਸ੍ਰੀਮਤੀ ਨੀਲਮ ਰਾਣੀ ਨਾਲ ਸਕੂਲ ਮੈਨੇਜਮੈਂਟ ਦੇ ਚੇਅਰਮੈਨ ਦੀ ਹਾਜਰੀ ਵਿੱਚ ਅਸਭਿੱਅਕ ਅਤੇ ਗੈਰ-ਮਨੁੱਖੀ ਵਿਹਾਰ ਕੀਤਾ ਗਿਆ, ਉਸ ਨੂੰ ਸਰੀਰਕ ਅਤੇ ਮਾਨਸਿਕ ਕਸ਼ਟ ਦਿੱਤਾ ਗਿਆ ਅਤੇ ਉਸ ਨੂੰ ਸਕੂਲ ਦੇ ਬੱਚਿਆਂ ਦੇ ਸਾਹਮਣੇ ਧੱਕਾ ਮਾਰ ਕੇ ਸੁੱਟ ਦਿੱਤਾ, ਜਿਸਦੀ ਪੁਸ਼ਟੀ ਪਿੰਡ ਦੇ ਸਰਪੰਚ, ਸਕੂਲ ਮੈਨੇਜਮੈਂਟ ਕਮੇਟੀ ਅਤੇ ਹੋਰ ਮੋਹਤਬਰ ਵਿਅੱਕਤੀਆਂ ਵੱਲੋਂ ਕੀਤੀ ਗਈ ਹੈ।
- ਸ੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਡਿਊਟੀ ਦੌਰਾਨ ਗੰਭੀਰ ਅਨੁਸ਼ਾਸਨਹੀਨਤਾ ਦਾ ਵਿਹਾਰ ਕੀਤਾ ਗਿਆ । ਜ਼ਿਲਾ ਸਿੱਖਿਆ ਅਫਸਰ (ਐ:ਸਿ ) ਪਟਿਆਲਾ ਦੀ ਰਿਪੋਟ ਅਨੁਸਾਰ ਪਹਿਲਾਂ ਵੀ ਸ੍ਰੀਮਤੀ ਮਧੂ ਕਥੂਰੀਆ ਦੀ ਬਦਲੀ ਡਿਊਟੀ ਵਿੱਚ ਕੋਤਾਹੀ ਕਰਨ ਕਰਕੇ ਪ੍ਰਬੰਧਕੀ ਆਧਾਰ ਤੇ ਕੀਤੀ ਗਈ ਸੀ।

ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ੍ਰੀਮਤੀ ਮਧੂ ਕਥੂਰੀਆ ਜੇ.ਬੀ.ਟੀ ਅਧਿਆਪਕਾ ਦੀ ਬਦਲੀ ਪ੍ਰਬੰਧਕੀ ਆਧਾਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਚਿਤੌੜਗੜ੍ਹ ਬਲਾਕ ਫਤਿਹਗੜ੍ਹ ਚੂੜੀਆਂ ਜ਼ਿਲਾ ਗੁਰਦਾਸਪੁਰ ਵਿਖੇ ਕੀਤੀ ਜਾਂਦੀ ਹੈ ਅਤੇ ਨਾਲ ਹੀ ਉਸ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਐ:ਸਿ) ਗੁਰਦਾਸਪੁਰ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

-sd/-
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90052 ਮਿਤੀ 6.12.12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)/ਪੰਜਾਬ, ਚੰਡੀਗੜ੍ਹ
2. ਜ਼ਿਲਾ ਸਿੱਖਿਆ ਅਫਸਰ (ਐ:ਸਿ) ਪਟਿਆਲਾ
3. ਜ਼ਿਲਾ ਸਿੱਖਿਆ ਅਫਸਰ (ਐ:ਸਿ) ਗੁਰਦਾਸਪੁਰ ।
4. ਸ੍ਰੀਮਤੀ ਸ੍ਰੀਮਤੀ ਮਧੂ ਕਥੂਰੀਆਂ ਜੇ.ਬੀ.ਟੀ. ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਰਸੂਲਪੁਰ ਜੋੜਾ ਬਲਾਕ ਪਟਿਆਲਾ-1, ਜ਼ਿਲਾ ਪਟਿਆਲਾ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।